# ਵਡਮੁਲੀ ਵਿਰਾਸਤ ਹੈ ਸੰਸਾਰ ਪ੍ਰਸਿੱਧ ਸੀ.ਐਨ. ਟਾਵਰ (ਕਨੇਡਾ)



ਭਜਨ ਸਿੰਘ ਬਾਹਬਾਂ ਟੋਰਾਂਟੋ (ਕੈਨੇਡਾ)



ਸੰਸਾਰ ਕੁਦਰਤ ਅਤੇ ਮਨੁੱਖ ਦੁਆਰਾ ਬਣਾਏ ਗਏ ਵਡਮੁਲੇ ਦ੍ਰਿਸ਼ਾਂ ਨਾਲ ਭਰਿਆ ਪਿਆ ਹੈ। ਜਿਥੇ ਕੁਦਰਤ ਨੇ ਆਪਣੀ ਖ਼ੂਬਸੂਰਤੀ ਦੁਆਰਾ ਮਨੁੱਖ ਨੂੰ ਮਾਲਾਮਾਲ ਅਤੇ ਰੋਮਾਂਚਕਾਰੀ ਦਾਤਾਂ ਨਾਲ ਭਰਪੂਰ ਕੀਤਾ ਹੈ ਉਥੇ ਮਨੁੱਖ ਨੇ ਵੀ ਕਈ ਅਦਭੁੱਤ ਚੀਜ਼ਾਂ ਬਣਾ ਕੇ ਕੁਦਰਤ ਦੇ ਬਰਾਬਰ ਆਪਣੇ ਦਿਮਾਗ਼ ਦਾ ਝੰਡਾ ਗੱਡਣ ਦੀਆਂ ਨਿਮਾਣੀਆਂ ਕੋਸ਼ਿਸ਼ਾਂ ਵੀ ਕੀਤੀਆਂ ਹਨ। ਵਿਕਸਿਤ ਦੇਸ਼ਾਂ ਵਿਚ ਇਹ ਵਰਤਾਰਾ ਵਿਕਾਸਸ਼ੀਲ ਦੇਸਾਂ ਨਾਲੋਂ ਵੱਧ ਹੈ। ਇਸੇ ਤਰ੍ਹਾਂ ਦੀ ਇਕ ਮਨੁੱਖੀ ਦਿਮਾਗ਼ ਦੁਆਰਾ ਬਣਾਈ ਗਈ ਵੱਡਮੁਲੀ ਵਿਰਾਸਤ ਹੈ ਸੰਸਾਰ ਪ੍ਰਸਿੱਧ ਸੀ.ਐਨ. ਟਾਵਰ। ਕੈਨੇਡਾ ਦੇ ਪ੍ਰਸਿੱਧ ਸ਼ਹਿਰ ਟਰਾਂਟੋ ਵਿਚ ਬਣੇ ਇਸ ਟਾਵਰ ਨੂੰ ਪਿਛਲੇ ਦਿਨੀਂ ਮੈਨੂੰ ਵੇਖਣ ਦਾ ਮੌਕਾ ਮਿਲਿਆ। ਮੈਂ ਅਤੇ ਮੇਰੇ ਦੋਸਤਾਂ ਬਲਵਿੰਦਰ ਭਾਜੀ ਅਤੇ ਗੁਰਪ੍ਰੀਤ ਰਾਏ ਨੇ ਇਕ ਦਿਨ ਇਸ ਨੂੰ ਦੇਖਣ ਦਾ ਪ੍ਰੋਗਰਾਮ ਬਣਾਇਆ। ਮਾਰਚ ਮਹੀਨੇ ਦਾ ਸ਼ੁਰੂਆਤੀ ਦੌਰ ਹੋਣ ਕਰਕੇ ਅਜੇ ਠੰਢ ਕਾਫੀ ਜ਼ਿਆਦਾ ਸੀ। ਸਵੇਰ ਦਾ ਨਾਸ਼ਤਾ ਕਰਨ ਤੋਂ ਬਾਅਦ ਅਸੀਂ ਤਕਰੀਬਨ ਬਾਰਾਂ ਵਜੇ ਬਰੈਂਹਪਟਨ ਤੋਂ ਕਾਰ ਦੁਆਰਾ ਟਰਾਂਟੋ ਸਿਟੀ ਨੂੰ ਚੱਲ ਪਏ। ਹੁੰਨਟਾਰੀਉ ਸਟਰੀਟ ਤੋਂ ਚੱਲਦੇ ਹੋਏ ਅਸੀਂ ਲੇਕ ਸ਼ੋਰ ਸਟਰੀਟ ਦੁਆਰਾ ਆਪਣੀ ਮੰਜ਼ਿਲ ਵੱਲ ਵੱਧਣ ਲੱਗੇ। ਇਹ ਉਹੀ ਸਟਰੀਟ ਹੈ ਜੋ ਕੈਨੇਡਾ ਦੇ ਮਸ਼ਹੂਰ ਸਟੇਟ ਉਨਟਾਰੀਉ ਦੇ ਨਾਂ ਨਾਲ ਜਾਣੀ ਜਾਂਦੀ (ਲੇਕ) ਉਨਟਾਰੀਉ ਲੇਕ ਦੇ ਨਾਲ-ਨਾਲ ਚੱਲਦੀ ਹੈ। ਕੁਦਰਤੀ ਦ੍ਰਿਸ਼ਾਂ ਦੀ ਸੁੰਦਰਤਾ ਦਾ ਆਨੰਦ ਮਾਣਦੇ ਹੋਏ ਅਸੀਂ ਤਕਰੀਬਨ 1 ਘੰਟੇ ਬਾਅਦ ਟਰਾਂਟੋ ਸਿਟੀ ਪਹੁੰਚੇ। ਪਾਰਕਿੰਗ ਵਿਚ ਕਾਰ ਪਾਰਕ ਕਰਨ ਤੋਂ ਬਾਅਦ ਅਸੀਂ ਪੈਦਲ ਹੀ ਸਾਹਮਣੇ ਸਥਿਤ ਸੀ.ਐਨ. ਟਾਵਰ ਦੇ ਏਰੀਏ ਵੱਲ ਚੱਲ ਪਏ। ਮੈਂ ਪਾਰਕਿੰਗ ਦੌਰਾਨ ਇਕ ਬਹੁਤ ਹੀ ਵਧੀਆ ਗੱਲ ਇਹ ਦੇਖੀ ਕਿ ਇਥੇ ਕੋਈ ਵੀ ਵਿਅਕਤੀ ਗੱਡੀਆਂ ਪਾਰਕ ਕਰਵਾਉਣ ਲਈ ਡਿਊਟੀ ਨਹੀਂ ਦੇ ਰਿਹਾ ਸੀ ਤੁਸੀਂ ਆਪ ਹੀ ਕੰਪਿਊਟਰਾਈਜ਼ ਮਸ਼ੀਨ ਕੋਲ ਜਾਉ ਪਾਰਕਿੰਗ ਕਰਨ ਦਾ ਸਮਾਂ ਦੱਸੋ ਅਤੇ ਆਪਣਾ ਕਾਰਡ ਸਰਵਾਈਵ ਕਰੋ ਇਹ ਤੁਹਾਨੂੰ ਪਾਰਕਿੰਗ ਪਰਚੀ ਦੇਵੇਗੀ ਜੋ ਕਿ ਅਸੀਂ ਆਪਣੀ ਕਾਰ ਦੀ ਅੰਦਰਲੀ ਸਾਈਡ ਡੈਸ਼ ਬੋਰਡ ਤੇ ਰੱਖ ਦਿਉ ਤਾਂ ਜੋ ਲੋੜ ਪੈਣ ਤੇ ਜਦੋਂ ਤੁਸੀਂ ਉਥੇ ਨਹੀਂ ਹੁੰਦੇ ਤਾਂ ਸਕਿਉਰਟੀ ਇਸ ਨੂੰ ਚੈਕ ਕਰ ਸਕੇ। ਮੇਰੇ ਦੋਸਤ ਗੁਰਪ੍ਰੀਤਰਾਏ ਨੇ ਦੱਸਿਆ ਕਿ ਇਥੇ ਜ਼ਿਆਦਾਤਰ ਪਾਰਕਿੰਗ ਇਸੇ ਤਰ੍ਹਾਂ ਦੀ ਹੁੰਦੀ ਹੈ।

ਸੀ.ਐਨ. ਟਾਵਰ ਦੇ ਧਰਾਤਲ (ਮੇਨ ਲੈਵਲ) ਤੇ ਹੀ ਅੰਦਰ ਵੜਦਿਆਂ ਸਾਰ ਸਾਹਮਣੇ ਹੀ ਟਿਕਟ ਸਰਵਿਸ ਤੇ ਗੈਸਟ ਸਰਵਿਸ ਨਜ਼ਰੀ ਪਈ। ਇਥੇ ਟਿਕਟ ਲੈਣ ਲੱਗੇ ਤੁਹਾਨੂੰ ਦੱਸਣਾ ਪੈਂਦਾ ਹੈ ਕਿ ਤੁਸੀਂ ਕਿਥੋਂ ਤੱਕ ਜਾਣਾ ਹੈ। ਸਭ ਤੋਂ ਉਪਰਲੀ ਮੰਜ਼ਿਲ ਸਕਾਈ ਪੌਡ ਹੈ। ਟਿਕਟਾਂ ਲੈਣ ਤੋਂ ਬਾਅਦ ਥੋੜ੍ਹਾ ਅੱਗੇ ਜਾ ਕੇ ਸਕਿਉਰਟੀ ਚੈਕ ਸਿਸਟਮ ਸ਼ੁਰੂ ਹੋ ਜਾਂਦੀ ਹੈ। ਇਹ ਸਿਸਟਮ ਖਤਮ ਹੋਣ ਤੋਂ ਬਾਅਦ ਜਦੋਂ ਤੁਸੀਂ ਬਾਹਰ ਨਿਕਲਦੇ ਹੋ ਤਾਂ ਸਾਹਮਣੇ ਸੀ.ਐਨ. ਟਾਵਰ ਦਾ ਮਾਡਲ ਲੱਗਾ ਹੋਇਆ ਨਜ਼ਰੀ ਪੈਂਦਾ ਹੈ। ਵਿਜ਼ਟਰ ਇਸ ਦੇ ਆਲੇ-ਦੁਆਲੇ ਖੜ੍ਹੇ ਹੋ ਕੇ ਯਾਦਗਾਰੀ ਤਸਵੀਰਾਂ ਖਿਚਾਉਂਦੇ ਹਨ। ਇਥੋਂ ਹੀ ਥੱਲੇ ਬਹੁਤ ਵੱਡੇ ਸ਼ਾਪਿੰਗ ਮਾਲ ਬਣੀ ਹੋਈ ਦਿੱਸਦੀ ਹੈ ਜਿਥੋਂ ਤਰ੍ਹਾਂ-ਤਰ੍ਹਾਂ ਦੇ ਸੀ.ਐਨ. ਟਾਵਰ ਨਾਲ ਸੰਬੰਧਤ ਮਾਡਲ ਆਦਿ ਖਰੀਦੇ ਜਾ ਸਕਦੇ ਹਨ। ਇਥੋਂ ਹੀ ਲਾਈਨ ਸ਼ੁਰੂ ਹੋ ਜਾਂਦੀ ਹੈ ਅਤੇ ਇਥੋਂ ਦਾ ਸਟਾਫ਼ ਵਿਜ਼ਟਰਾਂ ਨੂੰ ਵਾਰੀ-ਵਾਰੀ ਐਲੀਵੇਟਰਾਂ ਦੁਆਰਾ ਮੰਜ਼ਿਲ ਤੱਕ ਪਹੁੰਚਾਉਂਦਾ ਹੈ। ਇਹ ਐਲੀਵੇਟਰ ਸਿਰਫ਼ 58 ਸੈਕਿੰਡ ਵਿਚ ਹੀ ਧਰਾਤਲ ਤੋਂ 1136 ਫੁੱਟ ਦੀ ਉਚਾਈ ਉਤੇ ਸਥਿਤ ਲੁਕ ਆਊਟ ਪੁਆਇੰਟ ਉਪਰ ਪਹੁੰਚਾ ਦਿੰਦੇ ਹਨ। ਇਸੇ ਮੰਜ਼ਿਲ ਉਪਰ ਹੀ ਹੋਰੀਜ਼ਨ ਰੈਸਟੋਰੈਂਟ ਬਣਿਆ ਹੋਇਆ। ਇਥੋਂ ਹੀ ਪੌੜੀਆਂ ਦੁਆਰਾ ਥੱਲੇ ਉਤਰ ਕੇ ਗਲਾਸ ਫਲੋਰ ਦੇਖ ਸਕਦੇ ਹੋ। ਇਹ ਗਲਾਸ ਫਲੋਰ 26 ਜੂਨ 1994 ਨੂੰ ਵਿਜ਼ਟਰਾਂ ਵਾਸਤੇ ਪਹਿਲੀ ਵਾਰ ਖੋਲਿਆ ਗਿਆ ਸੀ। ਤਕਰੀਬਨ 256 ਸੁਕੇਅਰ ਫੁੱਟ ਏਰੀਆ ਦਾ ਇਹ ਫਲੋਰ ਬਹੁਤ ਹੀ ਮਜਬੂਤ ਹੈ। ਲੋਕੀ ਇਸ ਉਪਰ ਬੈਠ ਕੇ ਵੱਖ-ਵੱਖ ਪੋਜ਼ਾਂ ਨਾਲ ਯਾਦਗਾਰੀ ਤਸਵੀਰਾਂ ਖਿਚਵਾਉਂਦੇ ਹਨ। ਇਥੇ ਤੁਸੀਂ ਆਪਣੀ ਫੋਟੋ ਵੱਖ-ਵੱਖ ਪੋਜ਼ਾਂ ਵਿਚ ਉਥੇ ਮੌਜੂਦ ਸਟਾਫ਼ ਤੋਂ ਵੀ ਖਿਚਵਾ ਸਕਦੇ ਹੋ। ਇਥੇ ਹੀ ਸੰਸਾਰ ਪ੍ਰਸਿੱਧ ਵਾਈਨ ਸੇਲਰ ਰੈਸਟੋਰੈਂਟ ਹੈ। ਇਥੋਂ ਹੀ ਸਭ ਤੋਂ ਉਪਰਲੀ ਮੰਜ਼ਿਲ ਤੇ ਜਾਣ ਲਈ ਰਸਤਾ ਹੈ। ਕਈ ਵਿਜ਼ਟਰ ਜਿੰਨਾ ਨੇ ਉਪਰਲੀ ਮੰਜ਼ਿਲ ਦੀ ਟਿਕਟ ਨਹੀਂ ਲਈ ਹੁੰਦੀ ਉਹ ਇਥੋਂ ਵੀ ਸਕਾਈ ਪੌਡ ਲਈ ਟਿਕਟ ਲੈ ਸਕਦੇ ਹਨ। ਕੁਝ ਸਮਾਂ ਇਥੇ ਘੁੰਮਣ ਤੋਂ ਬਾਅਦ ਅਸ3 ਐਲੀਵੇਟਰ ਦੁਆਰਾ ਸਭ ਤੋਂ ਉਪਰਲੀ ਮੰਜ਼ਿਲ ਸਕਾਈ ਪੌਡ ਪਹੁੰਚੇ। ਇਹ ਸੰਸਾਰ ਪ੍ਰਸਿਧ ਸਭ ਤੋਂ ਉਚਾ ਪੁਆਇੰਟ ਧਰਾਤਲ 1465 ਫੁੱਟ ਦੀ ਉਚਾਈ ਤੇ ਸਥਿਤ ਹੈ। ਇਹ ਵਿਜ਼ਟਰਾਂ ਲਈ 26 ਜੂਨ 1976 ਨੂੰ ਪਹਿਲੀ ਵਾਰ ਖੋਲਿਆ ਗਿਆ ਸੀ। ਸਾਫ਼ ਮੌਸਮ ਵਿਚ ਇਥੋਂ ਦੇਖਣ ਦੀ ਸਮਰੱਥਾ 160 ਕਿਲੋਮੀਟਰ ਤੋਂ ਉਪਰ ਮੰਨੀ ਗਈ ਹੈ। ਇਥੋਂ ਤੁਸੀਂ ਗਰੇਟ ਟਰਾਂਟੋ ਏਰੀਆ ਅਤੇ ਉਨਟਾਰੀਉ ਲੇਕ ਦੇ ਬਹੁਤ ਹੀ ਦਿਲਕਸ਼ ਨਜ਼ਾਰੇ ਵੇਖ ਸਕਦੇ ਹੋ। ਐਨੀ ਉਚਾਈ ਤੋਂ ਥੱਲੇ ਦੇਖਣ ਤੇ ਬਹੁਤ ਹੀ ਡਰ ਲੱਗਦਾ ਹੈ, ਵਹੀਕਲ ਕੀੜੀਆਂ ਵਾਂਗ ਦਿਖਾਈ ਦਿੰਦੇ ਹਨ। ਅਸਮਾਨ ਛੂੰਹਦੀਆਂ ਬਿਲਡਿੰਗਾਂ ਵੀ ਐਨੀ ਉਚਾਈ ਤੋਂ ਨਿੱਕੀਆਂ-ਨਿੱਕੀਆਂ ਲੱਗਦੀਆਂ ਹਨ। ਹਰ ਸਾਲ ਵਿਜ਼ਟਰ ਇਥੇ ਕਈ ਪ੍ਰਸਿੱਧ ਦਿਨਾਂ ਨੂੰ ਯਾਦਗਾਰੀ ਬਣਾਉਣ ਲਈ ਆਉਂਦੇ ਹਨ। ਹਰ ਸਾਲ ਵਿਜ਼ਟਰ ਇਥੇ ਕਈ ਪ੍ਰਸਿੱਧ ਦਿਨਾਂ ਨੂੰ ਯਾਦਗਾਰੀ ਬਣਾਉਣ ਲਈ ਆਉਂਦੇ ਹਨ ਜਿਨ੍ਹਾਂ ਵਿਚ ਵੈਲੇਂਟਾਈਨ ਡੇਅ, ਕੈਨੇਡਾ ਡੇਅ, ਸੀ.ਐਨ. ਟਾਵਰ ਬਰਥ ਡੇਅ ਅਤੇ ਫੈਮਿਲੀ ਡੇਅ ਮੁੱਖ ਹਨ। ਵਾਕਿਆ ਹੀ ਸੀ.ਐਨ. ਟਾਵਰ ਕੈਨੇਡਾ ਵਾਸੀਆਂ ਲਈ ਅਮੁੱਲੀ ਧਰੋਹਰ ਹੈ।

